# FIRST INFORMATION REPORT

CIPA-R1.11.00

(Under Section 154 Cr.P.C.)

1. District: SAS Nagar  P.S.: PHASE NO. 8  Year: 2011  FIR No.: 24  Date: 06-04-2011

2. Act(s)  Section(s):
   (i) IPC 1860  295A
   (ii)
   (iii)
   (iv)

3. Occurrence of Offence:
   (a) Day: Monday  Date From: 28-03-2011  Date To: 06-04-2011
   Time Period:  Time From:  Time To:
   (b) Information received at P.S:  Date: 06-04-2011  Time: 16:00 hrs
   (c) General Diary Reference:  Entry No.: 15  Time: 16:00 hrs

4. Type of information: WRITTEN

5. Place of Occurrence:
   (a) Direction and Distance from P.S: East/1.0 Km  Beat No.: 02
   (b) Address: PHASE 9 MOHALI, MOHALI
   (c) In case, Outside the limit of the Police Station:
   Name of P.S:  District:

6. Complainant/Informant:
   (a) Name: JAGJIT SINGH (S/O) JASPAL SINGH
   (b) Birth Year: 1979  Nationality: INDIA
   (c) Passport No.  Date of Issue:  Place of Issue:
   (d) Occupation:
   (e) P R/o
   C R/o GURU NAGAR ABADI VERKA NAGAR DISTT-ASR

7. Details of Known/Suspect/Unknown accused with full particulars(attach separate sheet if necessary): (2)
   (i) SH. PRITAM SINGH S.T. D
   P R/o
   C R/o SAS NAGAR DISTT- SAS NAGAR
   (ii) SH. KAL BHUSHAN SHARMA
   P R/o
   C R/o SILO PHASE 8 MOHALI DISTT- SAS NAGAR
   (iii)

8. Reason for delay in reporting by the complainant/informant: NO DELAY

9. Particulars of the properties stolen/involved(attach separate sheet if necessary):

| Sl.No. | Property Type(Description) | Est. Value(Rs.) | Status |
|---|---|---|---|
| (i) | | | |
| (ii) | | | |
| (iii) | | | |

ਨਗਰ ਅਬਾਦੀ ਵੇਰਕਾ ਅੰਮ੍ਰਿਤਸਰ ਨੇ ਧਰਮ ਨਾਲ ਬਿਆਨ ਕੀਤਾ ਕਿ ਉਹ ਉਕਤ ਪਤੇ ਦਾ
ਰਹਿਣ ਵਾਲਾ ਹੈ ਅਤੇ ਮਹਿਕਮਾ ਰੂਰਲ ਹੈਲਥ ਪੇਡੂ ਵਿਕਾਸ ਡਿਪਾਰਟਮੈਂਟ ਵਿਚ ਐਸ ( ਬਤੌਰ
) ਫਾਰਮਾਸਿਸਟ ਡਿਊਟੀ ਸੇਵਾ ਵਿਖੇ ਅਰਸਾ ਕਰੀਬ 5 ਸਾਲ ਤੋ ਡਿਊਟੀ ਕਰਦਾ ਆ ਰਿਹਾ ਹੈ
ਮਿਤੀ 28-03-2011 ਨੂੰ ਆਪਣੀਆ ਮੰਗਾ ਨੂੰ ਲੈ ਕੇ ਪੇਡੂ ਵਿਕਾਸ ਤੇ ਪੰਚਾਇਤ ਭਵਨ
ਮੋਹਾਲੀ ਫੇਜ਼ 8 ਸੈਕਟਰ 62 ਵਿਖੇ ਭੁਖ ਹੜਤਾਲ ਤੇ ਬੈਠੇ ਹੋਏ ਸੀ। ਬਾਦ ਦੁਪਹਿਰ ਉਹ
ਅਪਣੀ ਯੂਨੀਅਨਾ ਅਤੇ ਹੋਰ ਕਰਮਚਾਰੀਆ ਦੇ ਨਾਲ ਬੜੇ ਹੀ ਸ਼ਾਂਤਮਈ ਢੰਗ ਨਾਲ ਰੈਲੀ ਕਢ
ਰਹੇ ਸੀ। ਜਿਥੇ ਪੁਲਿਸ ਨੇ ਬੈਰੀਅਰ ਲਗਾ ਕੇ ਰੋਕ ਕੇ ਉਨਾ ਨੂੰ ਅਗੇ ਜਾਣ ਤੋ ਰੋਕਿਆ ਤੇ
ਉਨਾ ਤੇ ਲਾਠੀਚਾਰਜ ਕੀਤਾ ਉਸ ਦੌਰਾਨ ਉਸ ਨੂੰ ਵੀ ਡਾਂਗਾਂ ਵਜੀਆ ਤੇ ਉਹ ਸੜਕ ਤੇ
ਇਕ ਪਾਸੇ ਹੋ ਇਕਲਾ ਚਲੇ ਗਿਆ ਤੇ ਐਸ.ਪੀ.ਸਾਹਿਬ ਪੁਲਿਸ ਨੇ ਉਸ ਨੂੰ ਕਾਲਰ ਤੋ ਫੜ
ਕੇ ਕਿਹਾ ਕਿ ਐਸ.ਐਚ.ਓ.ਸਾਹਿਬ ਇਸਦੀ ਪਗ ਲਾਹ ਕੇ ਇਸਦੀਆਂ ਬਾਹਾਂ ਬਨ ਕੇ ਇਸਨੂੰ
ਗਡੀ ਵਿਚ ਸੁਟੋ ਜਿਸਦੇ ਕਹਿਣ ਤੇ ਐਸ.ਐਚ.ਓ.ਨੇ ਉਸਦੀ ਪਗ ਸਿਰ ਤੋ ਲਾਹ ਦਿਤੀ ਤੇ
ਆਪਣੇ ਹਥ ਵਿਚ ਫੜ ਲਈ ਤੇ ਉਸ ਨੂੰ ਗਡੀ ਵਲ ਨੂੰ ਲੈ ਗਿਆ ਤੇ ਉਸ ਨੂੰ ਇਹ ਨਹੀ
ਪਤਾ ਕਿ ਇਸ ਦੌਰਾਨ ਇਸ ਘਟਨਾ ਤੋਂ ਉਸਦੀ ਕਿਨੇ ਫੋਟੋ ਖਿਚੀ ਤੇ ਅਵਾਜ ਭਰੀ ਉਸਨੇ
ਐਸ.ਐਚ.ਓ ਸਾਹਿਬ ਨੂੰ ਕਿਹਾ ਕਿ ਉਸਨੂੰ ਪਗ ਬਨ ਲੈਣ ਦਿਓ ਜੋ ਉਹ ਇਸ ਤਰਾਂ ਪਗ
ਬੰਨਦਾ ਉਹਨਾ ਕੋਲੋ ਭਜ ਗਿਆ ਇਸ ਸਾਰੀ ਘਟਨਾ ਦੇ ਦੌਰਾਨ ਉਕਤ ਪੁਲਿਸ ਵਾਲੀਆ ਨੇ
ਸਿਖੀ ਜਾਂ ਸਿਖ ਧਰਮ ਖਿਲਾਫ ਕੋਈ ਗਲ ਨਹੀ ਕਹੀ ਸਰਵ ਸ੍ਰੀ ਪ੍ਰੀਤਮ ਸਿੰਘ ਐਸ.ਪੀ.
(ਡੀ) ਐਸ.ਏ.ਐਸ.ਨਗਰ ਅਤੇ ਸ੍ਰੀ ਕੁਲਭੂਸ਼ਨ ਸ਼ਰਮਾ ਸਬ ਇੰਸਪੈਕਟਰ,ਐਸ.ਐਚ.ਓ,
ਪੁਲਿਸ ਸਟੇਸ਼ਨ ਫੇਜ਼ 8 ਸੈਕਟਰ 62 ਨੂੰ ਮਿਤੀ 31/03/2011 ਨੂੰ ਕੰਟਰੋਲ ਰੂਮ ਐਸ.ਐਸ.
ਪੀ,ਦਫਤਰ ਰਾਹੀ ਸ਼ਾਮ 4.30ਵਜੇ ਬੁਲਾਇਆ ਗਿਆ ਸੀ। ਤੇ ਉਨਾ ਨਾਲ ਮੋਬਾਇਲ ਤੇ ਭੀ
ਸੰਪਰਕ ਕੀਤਾ ਗਿਆ ਜਿਨਾ ਨੇ ਦਸਿਆ ਕਿ ਉਹ ਇਕ ਘੰਟੇ ਤਕ ਹਾਜਰ ਆਉਣਗੇ ਫਿਰ
ਕਰੀਬ 6 ਵਜੇ ਸ਼ਾਮ ਉਨਾ ਵਲੋ ਸੁਨੇਹਾ ਮਿਲਿਆ ਕਿ ਉਹ ਮਿਤੀ 01-04-2011ਨੂੰ 12.30
ਵਜੇ ਬਾਅਦ ਦੁਪਹਿਰ ਪੇਸ਼ ਹੋਣ ਲਈ ਐਸ.ਐਸ.ਪੀ.ਐਸ.ਏ.ਐਸ.ਨਗਰ ਰਾਹੀ ਸੁਨੇਹਾ
ਲਾਇਆ ਗਿਆ ਪ੍ਰੰਤੂ 3.00ਵਜੇ ਤਕ ਉਹ ਹਾਜਰ ਨਹੀ ਆਏ ਕਰੀਬ 3.00 ਵਜੇ ਏ.ਡੀ.
ਜੀ.ਪੀ.(ਇੰਟੈਲੀਜੈਂਸ) ਪੰਜਾਬ ਨਾਲ ਵੀ ਗਲ ਹੋਈ ਉਨਾ ਰਿਪੋਰਟ ਤੁਰੰਤ ਭੇਜਣ ਹਿਤ ਕਿਹਾ
ਸ੍ਰੀ ਪ੍ਰੀਤਮ ਸਿੰਘ ਐਸ.ਪੀ.(ਡੀ) ਵਲੋ ਬਾਅਦ ਦੁਪਹਿਰ 3.45ਵਜੇ ਆਪਣਾ ਲਿਖਤੀ ਬਿਆਨ
ਪੇਸ਼ ਕੀਤਾ (ਕਾਪੀ ਨਥੀ ਹੈ) ਜੋ ਹੇਠ ਅਨੁਸਾਰ ਹੈ ਬਿਆਨ ਕੀਤਾ ਕਿ ਉਹ ਮਿਤੀ 28-03-
2011ਨੂੰ ਬਤੌਰ ਕਪਤਾਨ ਪੁਲਿਸ (ਡੀ) ਜਿਲਾ ਐਸ.ਏ.ਐਸ.ਨਗਰ ਲਗਾ ਹੋਇਆ ਸੀ ਮਿਤੀ
28-03-2011ਨੂੰ ਹੀ ਉਸ ਨੇ ਅਤੇ ਸ੍ਰੀ ਹਰਪ੍ਰੀਤ ਸਿੰਘ ਕਪਤਾਨ ਪੁਲਿਸ ਸਿਟੀ(1)ਜਿਲਾ ਐਸ.
ਏ.ਐਸ.ਨਗਰ ਵੀ.ਵੀ.ਆਈ.ਪੀ.ਡਿਊਟੀ ਦੇ ਸਬੰਧ ਵਿਚ ਵਾਈ.ਪੀ.ਐਸ.ਗਰਾਊਡ ਵਿਖੇ
ਹੈਲੀਪੈਡ ਦੀ ਤਿਆਰੀ ਕਰਵਾਉਣ ਦੇ ਲਈ ਗਏ ਹੋਏ ਸੀ ਕਿ ਅਚਾਨਕ ਸਾਨੂੰ ਇਤਲਾਹ
ਮਿਲੀ ਕਿ ਪੰਜਾਬ ਰੂਰਲ ਵੈਟਰਨਰੀ ਫਾਰਮਾਸਿਸਟ ਅਤੇ ਰੂਰਲ ਹੈਲਥ ਫਾਰਮਾਸਿਸਟ
ਐਸੋਸੀਏਸ਼ਨਾ ਦੇ ਮੈਂਬਰਾ ਜਿਨਾ ਦੀ ਗਿਣਤੀ 1000 ਤੋ 1200 ਦੇ ਕਰੀਬ ਸੀ ਜੋ ਕਿ ਪਿਛਲੇ
ਕਈ ਦਿਨਾ ਤੋ ਵਿਕਾਸ ਭਵਨ ਫੇਜ਼ 8 ਮੋਹਾਲੀ ਵਿਖੇ ਆਪਣੀਆ ਮੰਗਾ ਨੂੰ ਲੈ ਕੇ ਧਰਨਾ ਦੇ
ਰਹੇ ਸਨ। ਨੇ ਅਚਾਨਕ ਇਕ ਅਨ-ਲਾਅ-ਫੁਲ ਅਸੈਂਬਲੀ ਦੀ ਸ਼ਕਲ ਵਿਚ ਕਰੀਮੀਨਲ ਨੀਯਤ
ਨਾਲ ਰਾਇਆਇਟਿੰਗ (ਦੰਗਾ ਫਸਾਦ ) ਕਰਨ ਦੇ ਆਦੇਸ਼ ਨਾਲ ਉਥੇ ਪੀ.ਸੀ.ਏ.ਸਟੇਡੀਅਮ
ਮੋਹਾਲੀ ਵਲ ਕੂਚ ਕਰ ਦਿਤਾ ਹੈ ਜਿਥੇ ਕਿ ਮਿਤੀ 30-03-2011ਨੂੰ ਭਾਰਤ ਤੇ ਪਾਕਿਸਤਾਨ
ਵਿਚਕਾਰ ਕ੍ਰਿਕਟ ਵਰਲਡ ਕਪ ਦਾ ਸੈਮੀ ਫਾਈਨਲ ਖੇਡਿਆ ਜਾਣਾ ਸੀ। ਜੋ ਕਿ ਸਾਰੇ
ਇੰਟਰਨੈਸ਼ਨਲ ਮੀਡੀਆ ਦੇ ਸੁਕੈਨਰ ਵਿਚ ਸੀ ਅਤੇ ਉਸ ਵਕਤ ਉਥੇ ਪਾਕਿਸਤਾਨ ਦੀ ਟੀਮ
ਜਿਸਦੀ ਕਿ ਭਾਰਤ ਵਿਚ ਥਰੇਟ ਪਰੀਸੈਪਸਨ ( PREEEPTION )ਉਸ ਸਮੇ ਸਿਖਰਾ ਤੇ ਸੀ।
ਸਟੇਡੀਅਮ ਵਿਚ ਪ੍ਰੈਕਟਿਸ ਕਰ ਰਹੀ ਸੀ। ਅਤੇ ਇਸ ਗੈਰ ਕਾਨੂੰਨੀ ਮਜਮੇ ਨੂੰ ਸਟੇਡੀਅਮ
ਵਲ ਜਾਣ ਤੋ ਰੋਕਣਾ ਬਤੌਰ ਪੁਲਿਸ ਅਫਸਰ ਹੁੰਦੇ ਹੋਏ ਮੇਰਾ ਅਤੇ ਬਾਕੀ ਫੋਰਸ ਦਾ ਪਹਿਲਾ
ਅਤੇ ਅਹਿਮ ਫਰਜ ਬਣਦਾ ਸੀ ਕਿਉਕਿ ਇਸ ਵਿਚ ਸਾਡੇ ਦੇਸ਼ ਅਤੇ ਰਾਜ ਦੀ ਇਜਤ ਜੁੜੀ
ਹੋਈ ਸੀ ਜਦ ਮੈ ਅਤੇ ਸਾਥੀ ਅਫਸਰ ਅਤੇ ਫੋਰਸ ਉਹਨਾ ਪਾਸ ਪਹੁੰਚੀ ਤਾਂ ਅਸੀ ਉਹਨਾਂ
ਨਾਲ ਡਿਊਟੀ ਮੈਜਿਸਟਰੇਟ ਦੀ ਹਾਜਰੀ ਵਿਚ ਉਨਾ ਨੂੰ ਜੁਬਾਨੀ ਸਮਝਾਉਣ ਦੀ ਬਹੁਤ
ਕੋਸਿਸ ਕੀਤੀ ਪਰ ਉਨਾ ਵਲੋ ਇਕ ਨਾ ਮੰਨੀ ਗਈ ਅਤੇ ਉਹ ਇਕ ਗੈਰ ਕਾਨੂੰਨੀ ਮਜਮੇ ਦੀ
ਸ਼ਕਲ ਵਿਚ ਪੁਲਿਸ ਦੀ ਡਿਊਟੀ ਵਿਚ ਵਿਘਨ ਪਾਕਰ ਅਤੇ ਪੁਲਿਸ ਦੀ ਰੁਕਾਵਟ ਤੋੜ ਕਰ
ਸਟੇਡੀਅਮ ਵਲ ਨੂੰ ਵਧਣ ਲਗ ਪਏ ਸਾਡੇ ਰੋਕਣ ਤੇ ਉਨਾ ਨੇ ਗਿਣੀ ਮਿਥੀ ਸਾਜਿਸ਼ ਅਤੇ
ਕਰੀਮੀਨਲ ਅਟੈਂਸ਼ਨ ਨਾਲ ਸਾਡੇ ਉਤੇ ਪਥਰਾਉ ਕਰਨਾ ਸੁਰ ਕਰ ਦਿਤਾ ਜਿਸ ਵਿਚ ਪੁਲਿਸ ਦੇ
ਕਈ ਅਧਿਕਾਰੀਆ ਦੇ ਸਟਾ ਲਗੀਆ ਜਿਸ ਸਬੰਧੀ ਮੁਖ ਸਿਪਾਹੀ ਜਗਤ ਸਿੰਘ ਨੰਬਰ 3 ਸੀ
666 ਦੇ ਬਿਆਨ ਪਰ ਮੁਕਦਮਾ ਨੰਬਰ 18 ਮਿਤੀ 28/03/2011 ਅਧੀਨ ਧਾਰਾ
353,186,332,283,188,148,149,ਆਈ.ਪੀ.ਸੀ,ਥਾਣਾ ਫੇਜ਼ 8 ਖਰ ਖਿਲਾਫ ਕਲਦੀਪ

ਸਿੰਘ ਪ੍ਰਧਾਨ ਅਤੇ ਰਛਪਾਲ ਸਿੰਘ ਵਾਇਸ ਪ੍ਰਧਾਨ ਵਜੋਂ ਦਰਜ ਰਜਿਸਟਰ ਹੋਇਆ ਸੀ। ਅਤੇ ਆਪਣੇ ਬਚਾਅ ਲਈ ਪੁਲਿਸ ਨੂੰ ਮੈਜਿਸਟਰੇਟ ਦੇ ਹੁਕਮ ਅਨੁਸਾਰ ਉਨ੍ਹਾਂ ਦੀ ਹਾਜ਼ਰੀ ਵਿਚ ਅਥਰੂ ਗੈਸ ਅਤੇ ਹਲਕਾ ਲਾਠੀ ਚਾਰਜ ਕਰਨਾ ਪਿਆ ਜਿਸ ਨਾਲ ਇਹ ਗੈਰ ਕਾਨੂੰਨੀ ਮਜਮਾ ਤਿੱਤਰ ਬਿੱਤਰ ਹੋ ਗਿਆ ਅਤੇ ਇਨ੍ਹਾਂ ਵਿਚੋਂ ਕੁਝ ਨੂੰ ਹਿਰਾਸਤ ਵਿਚ ਲੈਣਾ ਸ਼ੁਰੂ ਕੀਤਾ ਗਿਆ ਅਤੇ ਇਸ ਘਟਨਾ ਵਿਚ ਪੁਲਿਸ ਫੋਰਸ ਨੂੰ ਕਾਫ਼ੀ ਦੇਰ ਤਕ ਉਨ੍ਹਾਂ ਨੂੰ ਖਿੰਡਾਉਣ ਲਈ ਉਨ੍ਹਾਂ ਦਾ ਪਿੱਛਾ ਕਰਨਾ ਪਿਆ ਇਹ ਸਾਰੀ ਕਾਰਵਾਈ ਦੌਰਾਨ ਇਕ ਗੈਰ ਕਾਨੂੰਨੀ ਮਜਮੇ ਦਾ ਮੈਂਬਰ ਆਪੇ ਤੋਂ ਬਾਹਰ ਹੋ ਕੇ ਪੁਲਿਸ ਉਤੇ ਬੜੇ ਹੀ ਖਤਰਨਾਕ ਤਰੀਕੇ ਨਾਲ ਰੋੜੇ ਵੱਟਿਆ ਦਾ ਪਥਰਾਉ ਲਗਾਤਾਰ ਕਰ ਰਿਹਾ ਸੀ ਬਤੌਰ ਪੁਲਿਸ ਅਫਸਰ ਮੈਨੂੰ ਆਪਣਾ ਫਰਜ ਨਿਭਾਉਂਦੇ ਹੋਏ ਉਸਨੂੰ ਕਾਬੂ ਕਰਨਾ ਜਰੂਰੀ ਸੀ ਕਿਉਂਕਿ ਉਸ ਦੀ ਉਕਤ ਗੈਰ ਕਾਨੂੰਨੀ ਹਰਕਤ ਨਾਲ ਪਬਲਿਕ ਦੀ ਜਾਨ ਅਤੇ ਮਾਲ ਨੂੰ ਨਿਰੰਤਰ ਖਤਰਾ ਪੈਦਾ ਹੋ ਗਿਆ ਸੀ ਮੈਂ ਤੁਰੰਤ ਆਪਣੀ ਫੋਰਸ ਲੈ ਕਰ ਉਸਨੂੰ ਕਾਬੂ ਕਰਨ ਲਈ ਉਸ ਵੱਲ ਵਧਿਆ ਅਤੇ ਉਸ ਨੂੰ ਕਾਬੂ ਕਰਕੇ ਸਬ ਇੰਸਪੈਕਟਰ ਕੁਲਭੂਸ਼ਨ ਮੁੱਖ ਅਫਸਰ ਥਾਣਾ ਫੇਜ਼ 8ਦੀ ਅਗਵਾਈ ਵਿਚ ਪੁਲਿਸ ਪਾਰਟੀ ਦੇ ਹਵਾਲੇ ਕਰ ਦਿੱਤਾ ਹੁਣ ਮੇਰੇ ਧਿਆਨ ਵਿਚ ਆਇਆ ਹੈ ਕਿ ਇਸ ਘਟਨੇ ਸੰਬੰਧੀ ਕੁਝ ਸ਼ਰਾਰਤੀ ਅਨਸਰਾਂ ਵਲੋਂ U.TUBE ਦੇ ਉਤੇ ਵਧਾ ਚੜ੍ਹਾ ਕਰ ਅਤੇ ਤੋੜ ਮਰੋੜ ਕਰ ਤਥ ਦਰਸਾਏ ਗਏ ਹਨ ਮੈਂ ਵੀ ਇਨ੍ਹਾਂ ਤਸਵੀਰਾਂ ਨੂੰ ਗੌਰ ਨਾਲ ਵਾਚਿਆ ਹੈ ਜਿਸ ਵਿਚ ਉਸ ਸ਼ਰਾਰਤੀ ਮੁਜਾਹਰਾਕਾਰ ਨੂੰ ਪੁਲਿਸ ਪਾਰਟੀ ਦੇ ਹਵਾਲੇ ਕਰਦੇ ਹੋਏ ਮੈਂ ਸਿਰਫ ਇਹੋ ਗਲ ਆਖੀ ਹੈ ਕਿ ਪਗ ਨਾ ਲਾਹੀ ਹੋਦੀ ਜਿਸ ਵਿਚ ਮੇਰੀ ਕੋਈ ਬਦਨੀਤੀ ਜਾਂ ਉਸਦੀਆ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਈ ਵੀ ਗਲ ਸਾਹਮਣੇ ਨਹੀਂ ਆਉਂਦੀ ਮੈਂ ਸਿਰਫ ਡਿਸਿਪਲਨ ਪੁਲਿਸ ਅਫਸਰ ਹੋਣ ਦੇ ਨਾਤੇ ਉਕਤ ਕਾਇਦੇ ਕਾਨੂੰਨ ਅਨੁਸਾਰ ਆਪਣੀ ਡਿਊਟੀ ਨਿਭਾਈ ਹੈ ਇਥੇ ਇਹ ਵੀ ਵਰਣਨ ਯੋਗ ਹੈ ਕਿ ਮੈਂ ਇਕ ਕੇਸਾਧਾਰੀ ਗੁਰਸਿਖ ਹਾਂ ਅਤੇ ਇਕ ਗੁਰਸਿਖ ਪਰਿਵਾਰ ਨਾਲ ਸੰਬੰਧ ਰਖਦਾ ਹਾਂ ਮੇਰੇ ਅਤੇ ਮੇਰੇ ਪਰਿਵਾਰ ਦੇ ਮਨ ਵਿਚ ਦਸਤਾਰ ਪਗ ਦਾ ਬੇਹਦ ਸਤਿਕਾਰ ਅਤੇ ਅਦਬ ਹੈ ਮੈਂ ਖੁਦ ਵੀ ਦਸਤਾਰ ਸਜਾਉਂਦਾ ਹਾਂ ਇਸ ਲਈ ਦਸਤਾਰ ਅਤੇ ਸਿਖੀ ਪ੍ਰਤੀ ਮਰਯਾਦਾ ਲਈ ਹਮੇਸ਼ਾ ਸਵੇਦਨਸ਼ੀਲ( ਸੈਂਸਟਿਵ) ਰਹਿੰਦਾ ਹਾਂ ਮੈਂ ਕਿਸੇ ਦੀ ਵੀ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਾਉਣ ਸੰਬੰਧੀ ਕਦੇ ਸੋਚਿਆ ਵੀ ਨਹੀਂ ਹੈ ਅਤੇ ਨਾ ਹੀ ਮੈਂ ਉਸ ਦਿਨ ਕਿਸੇ ਵਿਅਕਤੀ ਦੇ ਧਰਮ ਨੂੰ ਠੇਸ ਪਹੁੰਚਾਉਣ ਦੀ ਨੀਤ ਨਾਲ ਕੋਈ ਕਾਰਵਾਈ ਕੀਤੀ ਸੀ। ਸ੍ਰੀ ਕੁਲਭੂਸ਼ਨ ਸ਼ਰਮਾ ਸਬ ਇੰਸਪੈਕਟਰ ਮੁੱਖ ਅਫਸਰ ਥਾਣਾ ਫੇਜ਼ 8 ਨੇ ਆਪਣੇ ਲਿਖਤੀ ਬਿਆਨ ( ਕਾਪੀ ਨਥੀ ਹੈ ) ਹੇਠ ਅਨੁਸਾਰ ਦਿੱਤੇ ਓਹ ਮਿਤੀ 24-12-2010 ਤੋਂ ਬਤੌਰ ਮੁੱਖ ਅਫਸਰ ਥਾਣਾ ਫੇਜ਼ 8 ਜਿਲਾ ਐਸ.ਏ.ਐਸ ਨਗਰ ਤੈਨਾਤ ਸੀ ਪੰਜਾਬ ਰੂਰਲ ਵੈਟਰਨਰੀ ਫਾਰਮਾਸਿਸਟ ਅਤੇ ਰੂਰਲ ਹੈਲਥ ਫਾਰਮਾਸਿਸਟ ਐਸੋਸੀਏਸ਼ਨਾ ਨੇ ਮਿਤੀ 21-03-2011 ਤੋਂ ਵਿਕਾਸ ਭਵਨ ਫੇਜ਼ 8 ਵਿਖੇ ਧਰਨਾ ਦਿੱਤਾ ਹੋਇਆ ਸੀ ਇਨ੍ਹਾਂ ਵਲੋਂ ਕੋਈ ਅਣ ਸੁਖਾਵੀ ਘਟਨਾ ਨੂੰ ਅੰਜਾਮ ਨਾ ਦਿੱਤਾ ਜਾਵੇ ਇਸ ਕਰਕੇ ਮਿਤੀ 28-03-2011 ਨੂੰ ਵੀ ਮੈਂ ਵਿਕਾਸ ਭਵਨ ਫੇਜ਼ 8ਵਿਖੇ ਡਿਊਟੀ ਤੇ ਤੈਨਾਤ ਸੀ ਮਿਤੀ 30-03-2011 ਨੂੰ ਪੀ.ਸੀ.ਏ. ਸਟੇਡੀਅਮ ਫੇਜ਼ 9 ਮੋਹਾਲੀ ਵਿਖੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਰਲਡ ਕੱਪ ਦਾ ਸੈਮੀਫਾਈਨਲ ਖੇਡਿਆ ਜਾਣਾ ਸੀ ਕਿਸੇ ਸੰਭਾਵਿਤ ਅਣ-ਸੁਖਾਵੀ ਘਟਨਾ ਨੂੰ ਪਹਿਲੇ ਹੀ ਰੋਕਣ ਲਈ ਇਸ ਵੀ.ਵੀ.ਆਈ.ਪੀ. ਡਿਊਟੀ ਦੇ ਸੰਬੰਧ ਵਿਚ ਸੀਨੀਅਰ ਅਫਸਰਾਂ ਦੀ ਡਿਊਟੀ ਤੇ ਤੈਇਨਾਤ ਸਨ ਮਿਤੀ 28-03-2011 ਨੂੰ ਦੁਪਹਿਰ ਸਮੇਂ ਪੰਜਾਬ ਰੂਰਲ ਵੈਟਰਨਰੀ ਫਾਰਮਾਸਿਸਟ ਅਤੇ ਰੂਰਲ ਹੈਲਥ ਫਾਰਮੈਸਿਸਟ ਐਸੋਸੀਏਸ਼ਨਾ ਦੇ ਧਰਨੇਕਾਰੀਆ ਨੇ ਇਕ ਗੈਰ ਕਾਨੂੰਨੀ ਮਜਮੇ ਦਾ ਰੂਪ ਧਾਰਨ ਕਰ ਲਿਆ ਸੀ ਅਤੇ ਇਸ ਧਰਨੇ ਦੇ ਆਗੂਆ ਨੇ ਸਾਫ਼ ਐਲਾਨਕੀਤਾਂ ਸੀ। ਕਿ ਉਹ ਵਾਈ.ਪੀ.ਐਸ.ਚੌਕ ਜਾਣਗੇ ਚੌਕ ਵਿਚ ਆਵਾਜਾਈ ਦਾ ਵਿਘਨ ਪਾਉਣ ਗੇ ਅਤੇ ਸ. ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਪੰਜਾਬ ਉਪ ਮੁਖ ਮੰਤਰੀ ਪੰਜਾਬ ਅਤੇ ਪੰਜਾਬ ਸਰਕਾਰ ਦੇ ਪੁਤਲੇ ਸੜਕ ਵਿਚ ਰਖ ਕੇ ਉਨ੍ਹਾਂ ਦੀ ਅਰਥੀ ਫੂਕਣਗੇ ਧਰਨਾਕਾਰੀਆ ਦੀ ਇਸ ਐਲਾਨ ਦੀ ਜਾਣਕਾਰੀ ਨੂੰ ਮੈਂ ਤੁਰੰਤ ਮੋਬਾਇਲ ਟੈਲੀਫੋਨ ਰਾਹੀ ਸ੍ਰੀ ਮਾਨ ਕਪਤਾਨ ਪੁਲਿਸ ਸਿਟੀ ਫੇਜ਼ 1 ਸ. ਹਰਪ੍ਰੀਤ ਸਿੰਘ ਨੂੰ ਦਿੱਤੀ ਸੀ ਜਿਨ੍ਹਾਂ ਨੇ ਮੈਨੂੰ ਹਦਾਇਤ ਕੀਤੀ ਸੀ ਕਿ ਤੁਸੀ ਇਨ੍ਹਾਂ ਨੂੰ ਕੋਸ਼ਿਸ ਕਰਕੇ ਰੋਕੋ ਅਤੇ ਉਹ ਵੀ ਅਫਸਰਾ ਦੇ ਨੋਟਿਸ ਵਿਚ ਲਿਆ ਕੇ ਖੁਦ ਮੌਕੇ ਪਰ ਪਹੁੰਚਦੇ ਹਨ ਇਸੇ ਦੌਰਾਨ ਹੀ ਇਹ ਮੁਜਾਹਰਾਕਾਰੀ ਵਾਈ.ਪੀ.ਐਸ.ਚੌਕ ਜਾਣ ਦੀ ਬਜਾਏ ਪੁਲਿਸ ਅਫਸਰਾਂ ਅਤੇ ਪੁਲਿਸ ਮੁਲਾਜਮਾਂ ਨੂੰ ਧਕੇ ਮਾਰਦੇ ਹੋਏ ਅਤੇ ਸਰਕਾਰ ਦੇ ਖਿਲਾਫ ਨਾਅਰੇਬਾਜੀ ਕਰਦੇ ਹੋਏ ਪੀ.ਸੀ.ਏ. ਸਟੇਡੀਅਮ ਵੱਲ ਨੂੰ ਕੂਚ ਕਰਨ ਲਗ ਪਏ ਸੀ। ਪਾਕਿਸਤਾਨ ਦੀ ਟੀਮ ਠੀਕ ਉਸ ਸਮੇਂ ਹੀ ਸਟੇਡੀਅਮ ਵਿਚ ਪ੍ਰੈਕਟਿਸ ਕਰ ਰਹੀ ਸੀ ਇਸ ਲਈ ਇਸ ਮਜਮੇ ਦੀ ਨੀਯਤ ਪਾਕਿਸਤਾਨ ਦੀ ਟੀਮ ਦੀ ਪ੍ਰੈਕਟੀਸ ਵਿਚ ਵਿਘਨ ਪਾ ਕਰ ਆਪਣੇ ਆਪ ਨੂੰ ਹਾਈਲਾਈਟ ਕਰਨ ਦੀ ਸੀ ਇਸ ਸਮੇਂ ਦੌਰਾਨ ਸ੍ਰੀ ਪ੍ਰੀਤਮ ਸਿੰਘ ਐਸ.ਪੀ.(ਡੀ) ਮੋਹਾਲੀ ਅਤੇ ਸ੍ਰੀ ਹਰਪ੍ਰੀਤ ਸਿੰਘ ਐਸ.ਪੀ.ਸਿਟੀ ਮੋਹਾਲੀ ਹੋਰ ਪੁਲਿਸ ਫੋਰਸ ਸਮੇਤ ਮੌਕੇ ਪਹੁੰਚ ਗਏ ਸਨ ਸੀਨੀਅਰ ਅਫਸਰਾਂ

ਵਲ ਮੈਜਿਸਟਰੇਟ ਦੀ ਹਾਜਰੀ ਵਿਚ ਇਨਾ ਮੁਜਾਹਰਾਕਾਰੀਆਂ ਨੂੰ ਜੁਬਾਨੀ ਸਮਝਾਉਣ ਦੀ ਕੋਸ਼ਿਸ਼
ਕੀਤੀ ਗਈ ਸੀ ਪ੍ਰੰਤੂ ਇਹ ਮੁਜਾਹਰਾਕਾਰੀ ਪੁਲਿਸ ਰੁਕਾਵਟਾਂ ਨੂੰ ਤੋੜਦੇ ਹੋਏ ਸਟੇਡੀਅਮ ਵਲ
ਵਧ ਰਹੇ ਸਨ। ਇਸ ਕਰਕੇ ਕਿਸੇ ਪ੍ਰਕਾਰ ਦੀ ਅਣ ਸੁਖਾਵੀਂ ਘਟਨਾ ਨੂੰ ਰੋਕਣ ਲਈ ਅਸੀ
ਇਨਾ ਨੂੰ ਸਟੇਡੀਅਮ ਵਲ ਜਾਣ ਤੋ ਰੋਕਣਾ ਸੁਰੂ ਕਰ ਦਿਤਾ ਪਰ ਇਸਦੇ ਬਾਵਜੂਦ ਵੀ ਇਹ
ਮੁਜਾਹਰਾਕਾਰੀ ਪੁਲਿਸ ਰੁਕਾਵਟਾਂ ਨੂੰ ਨਕਾਰਦੇ ਹੋਏ ਪ੍ਰੈਕਟਿਸ ਕਰ ਰਹੀ ਪਾਕਿਸਤਾਨੀ ਦੀ ਟੀਮ ਨੂੰ
ਘਿਰਾਓ ਕਰਨ ਅਤੇ ਪੀ.ਸੀ.ਏ.ਸਟੇਡੀਅਮ ਨੂੰ ਨੁਕਸਾਨ ਪਹੁੰਚਾਉਣ ਦੀ ਨਿਯਤ ਨਾਲ ਪੁਲਿਸ
ਮੁਲਾਜਮਾ ਪਰ ਪਥਰਾਓ ਕਰਦੇ ਹੋਏ ਪੀ.ਸੀ.ਏ.ਸਟੇਡੀਅਮ ਵਲ ਨੂੰ ਦੋੜਨ ਲਗ ਪਏ ਇਹਨਾ
ਮੁਜਾਹਰਾਕਾਰੀਆ ਵਲੋ ਪੁਲਿਸ ਪਰ ਪਥਰਾਓ ਕਰਨ ਨਾਲ ਪੁਲਿਸ ਦੇ ਕਈ ਅਧਿਕਾਰੀਆ
ਮੁਲਾਜਮਾ ਦੇ ਵੀ ਸਟਾਂ ਲਗੀਆ ਸਨ। ਜਿਸ ਸਬੰਧੀ ਮੁਖ ਸਿਪਾਹੀ ਜਗਤ ਸਿੰਘ ਨੰਬਰ 3 C
/666 ਦੇ ਬਿਆਨ ਪਰ ਮੁਕਦਮਾ ਨੰਬਰ 18 ਮਿਤੀ 28/03/2011 ਅਧੀਨ ਧਾਰਾ
353,186,332,283,188,148,149,ਆਈ.ਪੀ.ਸੀ ਥਾਣਾ ਫੇਜ 8 ਮੋਹਾਲੀ ਵਿਖੇ ਦਰਜ
ਕੀਤਾ ਗਿਆ ਹੈ ਮੈਜਿਸਟਰੇਟ ਦੇ ਹੁਕਮ ਮੁਤਾਬਕ ਮਾਜਮਾ ਨੂੰ ਤਿਤਰ -ਬਿਤਰ ਕਰਨ ਲਈ
ਅਸ਼ਰੂਗੈਸ ਦੀ ਵਰਤੋ ਕੀਤੀ ਗਈ , ਪਰੰਤੂ ਇਹ ਮੁਜਾਹਰਾਕਾਰੀ ਪੁਲਿਸ ਪਰ ਲੁਗਾਤਾਰ
ਪਥਰਾਓ ਕਰਦੇ ਹੋਏ ਸਟੇਡੀਅਮ ਵਲ ਵਧ ਰਹੇ ਸਨ ਇਹਨਾਂ ਵਿਚੋ ਇਸ ਗੈਰ ਕਾਨੂੰਨੀ ਮਜਮੇ
ਦਾ ਇਕ ਵਿਅਕਤੀ ਪੁਲਿਸ ਪਰ ਲਗਾਤਾਰ ਪਥਰਾਓ ਕਰ ਰਿਹਾ ਸੀ ਅਤੇ ਲੀਰ ਨੂੰ ਭੜਕਾ
ਰਿਹਾ ਸੀ ਉਸ ਨੂੰ ਮੋਕੇ ਤੇ ਹਾਜਰ ਸ ਪ੍ਰੀਤਮ ਸਿੰਘ ਕਪਤਾਨ ਪੁਲਿਸ ਡੀ ਨੇ ਫੜਕੇ ਮੇਰੇ
ਹਵਾਲੇ ਕੀਤਾ ਸੀ ਉਸ ਸਿਖ ਮੁਜਾਹਰਾਕਾਰੀ ਦੀ ਦਾੜ੍ਹੀ ਦੀ ਇਜ਼ਤ ਨੂੰ ਬਰਕਰਾਰ ਰਖਣ ਦੀ
ਨੀਯਤ ਨਾਲ ਮੈ ਉਸਨੂੰ ਪਿਛੋ ਕਾਲਰ ਤੋ ਫੜ ਲਿਆ ਸੀ ਜਿਓ ਹੀ ਉਹ ਵਿਅਕਤੀ ਆਪਣੇ
ਜੋਰ ਨਾਲ ਉਸ ਪਾਸੋ ਖੁਦ ਨੂੰ ਛੁੜਾਉਣ ਦੀ ਕੋਸ਼ਿਸ਼ ਕਰਨ ਲਗਾ ਤਾਂ ਉਸ ਵਿਅਕਤੀ ਦੀ ਪੱਗ
ਲਥ ਗਈ ਪ੍ਰੰਤੂ ਗਿਰਦੀ ਦਸਤਾਰ ਦਾ ਨਿਰਾਦਰ ਨਾ ਹੋਵੇ ਇਸ ਲਈ ਮੈ ਪੱਗ ਨੂੰ ਆਪਣੇ
ਹਥਾਂ .ਵਿਚ ਸਾਂਭ ਲਿਆ ਮੈਨੂੰ ਬਾਦ ਵਿਚ ਪਤਾ ਲਗਾ, ਕਿ ਉਸ ਵਿਅਕਤੀ ਦੀ ਪੱਗ
ਉਤਾਰਨ ਬਾਰੇ U.tubeਉਤੇ ਵਧਾ-ਚੜਾ ਕੇ ਅਤੇ ਅਸਲੀਅਤ ਨੂੰ ਤੋੜ -ਮਰੋੜ ਕੇ ਦਿਖਾਇਆ
ਜਾ ਰਿਹਾ ਹੈ ਮੈ ਜਾਤੀ ਤੋਰ ਤੇ ਸਿਖ ਧਰਮ ਅਤੇ ਦਸਤਾਰ ਦੀ ਮਰਿਆਦਾ ਨਾਲ ਸਬੰਧਤ
ਭਾਵਨਾਵਾਂ ਦਾ ਸਤਿਕਾਰ ਕਰਦਾ ਹਾਂ ਕਿਉਂਕਿ ਅੰਮ੍ਰਿਤਧਾਰੀ ਮੇਰੇ ਨਿਜੀ ਦੋਸਤ ਵੀ ਹਨ .
ਕਿਉਕਿ ਮੇਰੇ ਮਨ ਵਿਚ ਹਮੇਸਾ ਸਿਖੀ. ਬਾਰੇ ਸਤਕਾਰ ਰਿਹਾ ਹੈ ਇਸ ਲਈ ਪਰੰਤੂ ਮੁਖ
ਅਫਸਰ ਥਾਣਾ ਹੁੰਦੇ ਹੋਏ ਮੈਨੂੰ ਫੇਸ 8ਵਿਚ ਮਿਤੀ 21-02-2011ਨੂੰ ਸ੍ਰੀ ਅਖੰਡ ਪਾਠ ਸਾਹਿਬ
ਦਾ ਪਾਠ ਕਰਵਾਇਆ ਸੀ ਮੈ ਕਿਸੇ ਵਿਅਕਤੀ ਦੇ ਧਰਮ ਨੂੰ ਠੇਸ ਪਹੁੰਚਾਉਣ ਦੀ ਨੀਯਤ ਨਾਲ
ਕੋਈ ਕਾਰਵਾਈ ਨਹੀ ਕੀਤੀ ਹੈ ਮੇਰੀ ਕੋਈ ਮੰਦਭਾਵਨਾ ਨਹੀਂ ਸੀ ਅਤੇ ਨਾ ਹੀ ਜਾਣਬੁਝ ਕਰ
ਕੋਈ ਗਲਤ ਕੰਮ ਕੀਤਾ ਹੈ ਮੈ ਸਰਕਾਰੀ ਡਿਊਟੀ ਪ੍ਰਤੀ ਫਰਜ ਅਤੇ ਸਰਦਾਰ ਪ੍ਰੀਤਮ ਸਿੰਘ
ਐਸ.ਪੀ (ਡੀ ) ਮੋਹਾਲੀ ਜੀ ਦੇ ਹੁਕਮਾ ਦੀ ਪਾਲਣਾ ਕਰਦੇ ਹੋਏ ਅਤੇ ਹਾਜਰੀ ਵਿਚ ਸਰਕਾਰੀ
ਪ੍ਰਾਪਟੀ ਤੇ ਲੋਕਾ ਦੀ ਸੁਰਖਿਆ ਨੂੰ ਮਦੇ ਨਜਰ ਰਖਦੇ ਹੋਏ ਹੀ ਉਸ ਸਿਖ ਮੁਜਾਹਰਾਕਾਰੀ ਨੂੰ
ਪਕੜਿਆ ਸੀ ਤਾਂ ਜੋ ਪਾਕਿਸਤਾਨੀ ਟੀਮ ਅਤੇ ਪੀ.ਸੀ.ਏ ਸਟੇਡੀਅਮ ਦੀ ਸੁਰਖਿਆ ਬਰਕਰਾਰ
ਰਖੀ ਜਾਵੇ YOUTUBEਤੋਂ ਫੁਟੇਜ ਮਿਤੀ 29-03-2011ਲਈ ਗਈ (ਨਥੀ ਫੋਟੋ ਕਾਪੀ ) ਉਸਦਾ
ਹੈਡਿੰਗ '' PUNJAB POLICE REMOVE Sikh's turban''ਹੈ ਜਿਸ ਵਿਚ ਉਕਤ ਜਗਜੀਤ
ਸਿੰਘ ਸਾਈਡ ਪੋਜ਼ ਤੋ ਨਜਰ ਆ ਰਿਹਾ ਹੈ ਜਿਸ ਅਨੁਸਾਰ ਉਸਦੇ ਸਿਰ ਤੇ ਪਗ ਮੌਜੂਦ ਨਹੀ
ਹੈ ਇਸ ਫੁਟੇਜ ਆਡੀਓ -ਵੀਡੀਓ ਦੀ ਸੀ.ਡੀ. ਕਾਪੀ ਨਥੀ ਦਾ ਸੋਰਸ ਪਤਾ ਕਰਨ ਦੀ
ਤਕਨੀਕੀ ਤੋਰ ਤੇ ਕੋਸ਼ਿਸ਼ ਕਰਵਾਈ ਗਈ ਪਰੰਤੂ ਪਤਾ ਨਹੀ ਲਗ ਸਕਿਆ ਇਸ ਸਬੰਧੀ
ਕਿਸੇ ਵਿਸ਼ਾ ਮਾਹਿਰ ਰਾਹੀ ਹੀ Cyber crime detectives ਆਦਿ ਰਾਹੀ ਹੀ ਪਤਾ ਕਰਨਾ
ਸੰਭਵ ਲਗਦਾ ਹੈ ਜਿਸ ਲਈ ਮਜੀਦ ਤਕਨੀਕੀ ਪੜਤਾਲ ਲੋੜੀਂਦੀ ਹੈ ਜੋ ਫੁਟੇਜ YOUTUBEਤੇ
ਉਪਲਬਧ ਹੈ ਭਾਵੇ ਉਸਦੇ ਸੋਰਸ / ਪ੍ਰਮਾਣਿਕਤਾ ਬਾਬਤ ਅਜੇ ਪੜਤਾਲ ਸੰਭਵ ਨਹੀਂ ਹੋਈ
ਪਰੰਤੂ ਵੀ.ਡੀ.ਓ ਦੇਖਣ ਤੋ ਪਹਿਲੀ ਨਜਰੇ ਪਤਾ ਚਲਦਾ ਹੈ ਕਿ ਸ. ਪ੍ਰੀਤਮ ਸਿੰਘ ਐਸ .ਪੀ.
(ਡੀ )ਉਕਤ ਜਗਜੀਤ ਸਿੰਘ ਫਾਰਮਾਸਿਸਟ ਨੂੰ ਕਾਲਰ ਤੋ ਪਿਛੋ ਫੜ ਕੇ ਲਿਆ ਰਿਹਾ ਲਗਦਾ
ਹੈ ਅਤੇ ਆਵਾਜ ਆਉਂਦੀ ਹੈ ਕਿ ਪਗ ਫੜ ਲੈ/ ਪਗ ਲਾਹ ਲੈ ਆਦਿ ਉਪਰੰਤ ਇਹ ਵੀ
ਲਗਦਾ ਹੈ ਕਿ ਸ੍ਰੀ ਕੁਲਭੂਸ਼ਨ ਸਰਮਾਂ ਸਬ- ਇੰਸਪੈਕਟਰ ਉਸਦੀ ਪਗ ਪਿਛੋ ਫੜ ਕੇ ਲਾਹੁੰਦਾ
ਦਿਸਦਾ ਹੈ ਤੇ ਉਸਨੂੰ ਧਕੇ ਕੇ ਗਡੀ ਜੀਪ ਵਲ ਨੂੰ ਲੈ ਕੇ ਜਾਂਦਾ ਦਿਖਾਈ ਦਿੰਦਾ ਹੈ ਅਤੇ ਇਹ
ਅਵਾਜ ਸੁਣਾਈ ਦਿੰਦੀ ਹੈ '' .......ਚਲ ਅੰਦਰ.......ਚਲ ਇਹਨੂੰ ਬਿਠਾ........ਬਿਠਾ
ਗਡੀ ਚ'' ਸ੍ਰੀ ਜਗਜੀਤ ਸਿੰਘ ਫਾਰਮਾਸਿਸਟ ਨੇ ਆਪਣੇ ਬਿਆਨ ਵਿਚ ਕਿਹਾ ਕਿ ਉਕਤ
ਪੁਲਿਸ ਅਫਸਰਾ ਨੇ ਉਸਦੀ ਪਗ ਉਤਾਰਨ ਵੇਲੇ ਸਿਖੀ ਜਾਂ ਸਿਖ ਧਰਮ ਬਾਰੇ ਕੋਈ
ਅਪਸ਼ਬਦ ਨਹੀਂ ਵਰਤਿਆ ਮੁਖ ਅਫਸਰ ਥਾਣਾ ਨੇ ਉਸਦੀ ਪਗ ਸਿਰ ਤੋ ਲਾਹ ਦਿਤੀ ਤੇ
ਆਪਣੇ ਹਥ ਵਿਚ ਫੜ ਲਈ ਤੇ ਉਸਨੂੰ ਗਡੀ ਵਲ ਲੈ ਗਿਆ ਸੀ ਪ੍ਰੀਤਮ ਸਿੰਘ ਐਸ .ਪੀ.
(ਡੀ ਨੇ ਆਪਣੇ ਬਿਆਨ ਦੇ ਅਖੀਰ ਵਿਚ ਇਹ ਕਿਹਾ ਹੈ ਕਿ .........ਇਥੇ ਇਹ ਵੀ

ਵਰਨਣ ਯੋਗ ਹੈ ਕਿ ਮੈਂ ਇਕ ਕੇਸਾਧਾਰੀ ਗੁਰਸਿਖ ਹਾਂ ਅਤੇ ਇਕ ਗੁਰਸਿਖ ਪ੍ਰੀਵਾਰ ਨਾਲ ਸਬੰਧ ਰਖਦਾ ਹਾਂ ਮੇਰੇ ਅਤੇ ਮੇਰੇ ਪ੍ਰੀਵਾਰ ਦੇ ਮਨ ਵਿਚ ਦਸਤਾਰ/ਪਗੜੀ ਦਾ ਬੇਹਦ ਸਤਿਕਾਰ ਅਤੇ ਅਦਬ ਹੈ ਮੈਂ ਖੁਦ ਵੀ ਦਸਤਾਰ ਸਜਾਉਂਦਾ ਹਾਂ ਇਸ ਲਈ ਦਸਤਾਰ ਅਤੇ ਸਿਖੀ ਪ੍ਰਤੀ ਮਰਯਾਦਾ ਲਈ ਹਮੇਸ਼ਾ ਸਵੇਦਨਸ਼ੀਲ ਸੈਂਸਟਿਵ ਰਹਿੰਦਾ ਹਾਂ ਮੈਂ ਕਿਸੇ ਦੀ ਵੀ ਧਾਰਮਿਕ ਭਾਵਨਾਨੂੰ ਠੇਸ ਪਹੁੰਚਾਉਣ ਸਬੰਧੀ ਕਦੇ ਸੋਚਿਆ ਵੀ ਨਹੀ ਹੈ ਅਤੇ ਨਾ ਹੀ ਮੈਂ ਉਸ ਦਿਨ ਕਿਸੇ ਵੀ ਵਿਅਕਤੀ ਦੇ ਧਰਮ ਨੂੰ ਠੇਸ ਪਹੁੰਚਾਉਣ ਦੀ ਨੀਤ ਨਾਲ ਕੋਈ ਕਾਰਵਾਈ ਕੀਤੀ ਸੀ ਇਸੇ ਤਰ੍ਹਾਂ ਸ੍ਰੀ ਕੁਲਭੂਸ਼ਨ ਸ਼ਰਮਾਂ ਮੁਖ ਅਫਸਰ ਥਾਣਾ ਫੇਸ 8ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ......ਉਸ ਵਿਅਕਤੀ ਦੀ ਪਗ ਉਤਾਰਨ ਬਾਰੇ ਯੂ. Tubeਉਤੇ ਵਧਾ-ਚੜ੍ਹਾ ਕੇ ਅਤੇ ਅਸਲੀਅਤ ਨੂੰ ਤੋੜ-ਮਰੋੜ ਕੇ ਦਿਖਾਇਆ ਜਾ ਰਿਹਾ ਹੈ ਮੈਂ ਜਾਤੀ ਤੌਰ ਤੇ ਸਿਖ ਧਰਮ ਅਤੇ ਦਸਤਾਰ ਦੀ ਮਰਿਆਦਾ ਨਾਲ ਸਬੰਧਤ ਭਾਵਨਾਵਾਂ ਦਾ ਸਤਿਕਾਰ ਕਰਦਾ ਹਾਂ ਕਿਉਂਕਿ ਅੰਮ੍ਰਿਤਧਾਰੀ ਮੇਰੇ ਨਿਜੀ ਦੋਸਤ ਵੀ ਹਨ ਕਿਉਂਕਿ ਮੇਰੇ ਮਨ ਵਿਚ ਹਮੇਸ਼ਾ ਸਿਖੀ ਬਾਰੇ ਸਤਕਾਰ ਰਿਹਾ ਹੈ ਇਸ ਲਈ ਬਤੌਰ ਮੁਖ ਅਫਸਰ ਹੁੰਦੇ ਹੋਏ ਮੈਨੇ ਫੇਸ 8ਵਿਚ ਮਿਤੀ 21-02-2011 ਨੂੰ ਸ੍ਰੀ ਅਖੰਡ ਪਾਠ ਸਾਹਿਬ ਦਾ ਪਾਠ ਕਰਵਾਇਆ ਸੀ ਮੈਂ ਕਿਸੇ ਵਿਅਕਤੀ ਦੇ ਧਰਮ ਨੂੰ ਠੇਸ ਪਹੁੰਚਾਉਣ ਦੀ ਨੀਯਤ ਨਾਲ ਕੋਈ ਕਾਰਵਾਈ ਨਹੀਂ ਕੀਤੀ ਮੇਰੀ ਕੋਈ ਮੰਦਭਾਵਨਾ ਨਹੀਂ ਸੀ ਅਤੇ ਨਾ ਹੀ ਜਾਣਬੁਝ ਕਰ ਕੋਈ ਗਲਤ ਕੰਮ ਕੀਤਾ ਹੈ ਉਕਤ ਪੁਲਿਸ ਅਫਸਰਾਂ ਅਤੇ ਫਾਰਮਾਸਿਸਟ ਦੇ ਬਿਆਨ ਤੋਂ ਇਹ ਗਲ ਸਾਹਮਣੇ ਆਉਂਦੀ ਹੈ ਕਿ ਜਿਸ ਵੇਲੇ ਇਹ ਘਟਨਾ ਵਾਪਰੀ ਉਸ ਤੋਂ ਪਹਿਲਾ ਮੌਕੇ ਤੇ ਅਮਨ ਕਾਨੂੰਨ ਦੀ ਹਾਲਤ ਬਹੁਤ ਤਣਾਅ ਪੂਰਨ ਸੀ ਅਤੇ ਹਾਲਾਤ ਕਾਫੀ ਹਦ ਤਕ ਬੇਕਾਬੂ ਸਨ ਪ੍ਰੰਤੂ ਸ੍ਰੀ ਜਗਜੀਤ ਸਿੰਘ ਫਾਰਮਾਸਿਸਟ ਦੇ ਬਿਆਨ ਮੁਤਾਬਕ ਸਬੰਧਤ ਪੁਲਿਸ ਅਫਸਰਾਂ ਨੇ ਉਕਤ ਘਟਨਾ ਸਮੇਂ ਸਿਖੀ ਜਾਂ ਸਿਖ ਧਰਮ ਬਾਰੇ ਕੋਈ ਗਲਤ ਲਫਜ ਨਹੀਂ ਵਰਤੇ ਅਤੇ ਨਾ ਹੀ ਪਗ ਥਲੇ ਸੁਟੀ ਹੈ ਐਸ.ਐਚ.ਓ ਦੇ ਹਥ ਵਿਚ ਫੜੀ ਹੋਈ ਸੀ ਉਪਰੋਕਤ ਦੇ ਪੇਸ਼ੇ -ਨਜਰYOUTUBਤੇ ਦਿਖਾਏ ਗਈ ਫੁਟੇਜ ਪਹਿਲੀ ਨਜਰੇ ਸਹੀ ਪ੍ਰਤੀਤ ਹੁੰਦੇ ਹਨ ਭਾਵੇਂ ਕਿ ਇਨ੍ਹਾਂ ਪੁਲਿਸ ਅਫਸਰਾਂ ਦੀ ਕਥਿਤ ਕਾਰਵਾਈ ਇਰਾਦਤਨ ਅਤੇ ਸਿਧੇ ਤੌਰ ਤੇ ਸਿਖੀ ਜਾਂ ਸਿਖ ਧਰਮ ਦੇ ਖਿਲਾਫ ਨਹੀਂ ਕੀਤੀ ਜਾਪਦੀ ਮਹਿਜ ਮੌਕੇ ਦੇ ਹਾਲਾਤ ਤੋਂ ਪੈਦਾ ਹੋਈ ਤਲਖੀ ਅਤੇ ਤਣਾਅ ਕਾਰਨ ਕੀਤੀ ਗਈ ਜਾਪਦੀ ਹੈ ਰਿਪੋਰਟ ਆਪ ਜੀ ਦੀ ਸੂਚਨਾ/ਅਗਲੇਰੀ ਕਾਰਵਾਈ ਲਈ ਪੇਸ਼ ਹੈ ਸਹੀ ਵਧੀਕ ਜਿਲ੍ਹਾ ਮੈਜਿਸਟਰੇਟ ਐਸ.ਏ.ਐਸ ਨਗਰ ਜੋ ਉਕਤ ਰਿਪੋਰਟ .ਡੀ.ਸੀ ਸਾਹਿਬ ਰਾਹੀ ਪ੍ਰਮੁਖ ਸਕੱਤਰ ਪੰਜਾਬ ਸਰਕਾਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਨੂੰ ਭੇਜੀ ਗਈ ਜਿਹਨਾ ਨੇ ਐਸ.ਐਸ.ਪੀ ਸਾਹਿਬ ਮੋਹਾਲੀ ਨੂੰ ਮੁਕਦਮਾ ਦਰਜ ਕਰਨ ਦੀ ਹਦਾਇਤ ਕੀਤੀ ਜਿਸ ਤੇ ਐਸ.ਐਸ.ਪੀ ਸਾਹਿਬ ਮੋਹਾਲੀ ਨੇ ਹੁਕਮ ਦਿਤਾ ਕਿ ਮੁਖ ਅਫਸਰ ਫੇਸ 8 ਹੁਕਮਾ ਦੀ ਪਾਲਣਾ ਵਿਚ ਤੁਰੰਤ ਮੁਕਦਮਾ ਦਰਜ ਕਰਕੇ ਮਾਨਯੋਗ ਆਈ.ਜੀ.ਪੀ ਪਟਿਆਲਾ ਜੋਨ ਦੇ ਪਾਸ ਤਫਤੀਸ਼ ਲਈ ਭੇਜਿਆ ਜਾਵੇ ਨਕਲ ਦਰਖਾਸਤ ਹਜਾ. ਮੌਸੂਲ ਹੋਣ ਪਰ ਮੁਕਦਮਾ ਉਕਤ ਬਾ ਜੁਰਮ ਉਕਤ ਬਰਖਿਲਾਫ ਸ੍ਰੀ ਪ੍ਰੀਤਮ ਸਿੰਘ ਐਸ.ਪੀ.(ਡੀ )ਐਸ.ਏ.ਐਸ ਨਗਰ ਅਤੇ ਸ੍ਰੀ ਕੁਲਭੂਸ਼ਨ ਸ਼ਰਮਾ ਐਸ.ਐਚ.ਓ ਫੇਸ 8ਮੋਹਾਲੀ ਜੇਰੇ ਧਾਰਾ 295ਏ ਆਈ.ਪੀ.ਸੀ. ਦਰਜ ਰਜਿਸਟਰ ਕੀਤਾ ਜਾ ਕਰ ਤਕਮੀਲ ਪੜਤ ਪਹੀ ਹੋਈ। ਨਕਲਾਤ ਐਫ.ਆਈ.ਆਰ. ਇਲਾਕਾ ਮੈਜਿਸਟਰੇਟ ਸਾਹਿਬ ਅਤੇ ਉਚ ਅਫਸਰਾਨ ਬਾਲਾ ਜੀ ਦੀ ਸੇਵਾ ਵਿਚ ਬਤੌਰ ਸਪੈਸ਼ਲ ਰਿਪੋਰਟਾਂ ਹਥੀ.ਹੌਲਦਾਰ ਸਵਰਨ ਸਿੰਘ 326/ਐਸ. ਏ.ਐਸ ਨਗਰ.ਨੂੰ ਦੇਕਰ ਘਲੀਆ ਜਾ ਰਹੀਆ ਹਨ। ਇੰਚਾਰਜ ਕੰਟਰੋਲ ਰੂਮ ਨੂੰ ਬਜਰੀਆ ਵਾਇਰਲੈਸ ਮੈਸਿੱਜ ਅਤੇ ਟੈਲੀਫੋਨ ਰਾਹੀ ਇਤਲਾਹ ਦਿਤੀ ਜਾ ਰਹੀ ਹੈ। ਮਿਸਲ ਮੁਕਦਮਾ ਮਹਿ ਅਸਲ ਦਰਖਾਸਤ ਹਥੀ .ਹੌਲਦਾਰ ਗੁਰਮੀਤ ਸਿੰਘ ਨੰਬਰ 680/ਐਸ.ਏ.ਐਸ ਨਗਰ ਨੂੰ ਦੇ ਕਰ ਬਾ ਗਰਜ ਆਈ.ਜੀ .ਪੀ. ਪਟਿਆਲਾ ਜੋਨ ਪਟਿਆਲਾ ਪਾਸ ਭੇਜੀ ਜਾਂਦੀ ਹੈ । MHC ਥਾਣਾ ਨੂੰ ਹਦਾਇਤ ਕੀਤੀ ਗਈ ਕਿ ਰਿਕਾਰਡ ਦੀ ਪੂਰਤੀ ਕਰੇ। ਪੂਰਤੀ ਰਪਟ ਨੰ18 ਵਕਤ 6..10ਪੀ.ਐਮ।

13. Action Taken(Since the above information reveals commission of offence(s)u/s as mentioned at item No.2:

(i) Registered the case and took up the investigation OR

(ii) Directed(Name of the I.O): I G P ZONE PATIALA Rank. [illegible] to take up the investigation, OR

No.: 00(?)00000

(iii) Refused investigation due to: